# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

ਹੁਕਮ :

ਕੋਵਿਡ-19 (ਕੋਰੋਨਾ ਵਾਇਰਸ) ਵੱਲੋਂ ਪੂਰੇ ਦੇਸ਼ ਵਿੱਚ ਮਹਾਂਮਾਰੀ ਦਾ ਰੂਪ ਧਾਰਨ ਕਰਕੇ ਭਾਰਤ ਸਰਕਾਰ ਵੱਲੋਂ ਵੀ ਇਸ ਨੂੰ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਪੰਜਾਬ ਸਰਕਾਰ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਦਫਤਰ ਵਲੋਂ ਆਈ.ਪੀ.ਸੀ. ਦੀ ਧਾਰਾ 144 Read with The Epidemics Act, 1897 ਦੇ ਅੰਤਰਗਤ ਕੋਵਿਡ-19 (ਕਰੋਨਾ ਵਾਇਰਸ) ਦੀ ਰੋਕਥਾਮ ਹਿੱਤ ਪਿੱਠ ਅੰਕਣ ਨੰਬਰ 1710-57 ਮਿਤੀ 23.03.2020 ਰਾਹੀਂ ਜਿਲ੍ਹਾ ਪਠਾਨਕੋਟ ਵਿੱਚ ਅਗਲੇ ਹੁਕਮਾਂ ਤੱਕ ਕਰਫਿਊ ਲਾਗੂ ਕੀਤਾ ਗਿਆ ਸੀ।

ਇਸ ਸਬੰਧ ਵਿੱਚ ਆਮ ਜਨਤਾ ਦੀ ਸਹੂਲਤ ਦੇ ਮੱਦੇਨਜਰ ਇਸ ਦਫਤਰ ਵੱਲੋਂ ਹੁਕਮ ਪਿੱਠ ਅੰਕਣ ਨੰਬਰ:ਐਮ.ਏ/2055-64, ਮਿਤੀ 03.04.2020 ਰਾਹੀਂ ਵੱਖ-ਵੱਖ ਅਦਾਰਿਆਂ ਖੇਤਰਾਂ ਸੰਸਥਾਵਾ ਅਤੇ ਸੇਵਾਵਾਂ ਨੂੰ ਕਰਫਿਊ ਵਿਚ ਛੋਟ ਦਿਤੀ ਗਈ ਸੀ।

ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵਲੋਂ ਆਪਣੇ ਮੀਮੋ ਨੰਬਰ SS/ACSH/2020/2292 ਮਿਤੀ 13.04.2020 ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੇਠ ਦਰਜ ਸੇਵਾਵਾਂ ਸਬੰਧੀ ਕਰਫਿਊ ਵਿੱਚ ਢਿੱਲ ਹੇਠ ਦਰਸਾਏ ਵੇਰਵੇ ਅਨੁਸਾਰ ਦਿੱਤੀ ਜਾਂਦੀ ਹੈ।

1. **ਖੇਤੀਬਾੜੀ**

| ਵਿਸ਼ਾ | ਢਿੱਲ | ਛੋਟ ਦੇਣ ਦਾ ਸਮਾਂ | ਵਿਸ਼ੇਸ਼ ਕਥਨ |
|---|---|---|---|
| ਕਿਸਾਨਾਂ ਵੱਲੋਂ ਕਣਕ ਦੀ ਫਸਲ ਦੀ ਕਟਾਈ ਅਤੇ ਵੱਖ-ਵੱਖ ਕਾਰਜਾਂ ਲਈ ਕੇਤ ਮਜਦੂਰਾਂ ਸਮੇਤ ਖੇਤਾਂ ਵਿੱਚ ਆਉਣ-ਜਾਣ ਲਈ | ਖੇਤ ਵਿੱਚ ਜਾਣ ਦਾ ਸਮਾਂ | ਸਵੇਰੇ 06.00 ਵਜੇ ਤੋਂ ਸਵੇਰੇ 09.00 ਵਜੇ ਤੱਕ(3 ਘੰਟੇ) | ਕਿਸਾਨ/ਖੇਤਾ ਦੇ ਮਜਦੂਰ ਸਵੇਰੇ 09.00 ਵਜੇ ਤੋਂ ਸ਼ਾਮ 06.00 ਵਜੇ ਤੱਕ ਖੇਤਾਂ ਵਿੱਚ ਹੀ ਰਹਿਣਗੇ ਅਤੇ ਖੇਤੀ ਨਾਲ ਸਬੰਧਤ ਕਾਮ ਕਾਰ ਕਰ ਸਕਦੇ ਹਨ।ਉਹਨਾਂ ਨੂੰ ਕਿਸੇ ਹੋਰ ਗਤੀਵਿਧੀ ਜਾਂ ਆਵਾਜਾਈ ਦੀ ਆਗਿਆ ਨਹੀ ਹੋਵੇਗੀ |
| | ਖੇਤ ਵਿੱਚੋ ਵਾਪਿਸ ਆਉਣ ਦਾ ਸਮਾਂ: | ਸ਼ਾਮ 06.00 ਵਜੇ ਤੋਂ ਰਾਤ 09.00 ਵਜੇ ਤੱਕ (3 ਘੰਟੇ) | |
| ਕਿਸਾਨਾਂ ਨੂੰ ਫਸਲ ਦੀ ਕਟਾਈ, ਬਿਜਾਈ ਅਤੇ ਢੋਆ-ਢੁਆਈ ਲਈ ਵਰਤੀ ਜਾਣ ਵਾਲੀ ਮਸ਼ੀਨਰੀ,(ਜਿਵੇਂ ਕਿ ਟਰੈਕਟਰ, ਟਰਾਲੀ, ਕੰਬਾਇਨ ਆਦਿ) ਦੀ ਆਵਾਜਾਈ | ਖੇਤਾ ਵਿੱਚ ਕੰਬਾਇਨ ਚੱਲਣ ਦਾ ਸਮਾਂ | ਸਵੇਰੇ 06.00 ਵਜੇ ਤੋਂ ਸ਼ਾਮ 07.00 ਵਜੇ ਤੱਕ ਦਾ ਹੀ ਹੋਵੇਗਾ। | ਸਬੰਧਤ ਮਸ਼ੀਨਰੀ ਤੇ 4 ਤੋਂ ਵੱਧ ਵਿਅਕਤੀ ਮੌਜੂਦ ਨਹੀ ਹੋਣੇ ਚਾਹੀਦੇ ਅਤੇ ਆਪਸੀ ਦੂਰੀ 1.5 ਤੋਂ 2 ਮੀਟਰ ਦੀ ਬਣਾ ਕੇ ਰੱਖਣਾ ਯਕੀਨੀ ਬਣਾਉਣਗੇ। ਇਸ ਸਬੰਧੀ ਕਰਫਿਊ ਪਾਸ ਮੁੱਖ ਖੇਤੀਬਾੜੀ ਅਫਸਰ, ਪਠਾਨਕੋਟ ਵੱਲੋ ਜਾਰੀ ਕੀਤੇ ਜਾਣਗੇ। |
| ਖੇਤੀਬਾੜੀ ਮਸ਼ੀਨਰੀ ਦੀ ਰਿਪੇਅਰ ਅਤੇ ਸਪੇਅਰ ਪਾਰਟਸ ਆਦਿ ਨਾਲ ਸਬੰਧਤ ਦੁਕਾਨਾ ਸਬੰਧੀ | ਦੁਕਾਨਾ ਖੁਲਣ ਦੇ ਸਮਾਂ | ਸਵੇਰੇ 05.00 ਵਜੇ ਤੋਂ ਸਵੇਰੇ 9.00 ਵਜੇ ਤੱਕ(4 ਘੰਟੇ) | ਵਾਢੀ ਦਾ ਸਿਜਨ ਹੋਣ ਕਾਰਨ ਟਰੇਕਟਰ ਟਰਾਲੀਆਂ ਕੰਬਾਇਨਾਂ ਅਤੇ ਖੇਤੀ ਨਾਲ ਸਬੰਧਤ ਹੋਰ ਮਸ਼ੀਨਰੀ ਦੀ ਰਿਪੇਅਰ ਸਬੰਧੀ ਦੁਕਾਨਾ ਸੇਵੇਰ 07.00 ਵਜੇ ਸ਼ਾਮ 07.00 ਵਜੇ ਤੱਕ ਕੇਵਲ ਇਸ ਸ਼ਰਤ ਤੇ ਖੁਲਣਗੀਆਂ ਕੇ ਮਾਲਕ ਤੋਂ ਇਲਾਵਾ 2 ਮਕੈਨਿਕ ਤੋਂ ਵੱਧ ਵਿਅਕਤੀ ਕੰਮ ਕਰਨ ਵਾਲੇ ਨਹੀ ਹੋਣਗੇ। ਦੁਕਾਨਦਾਰਾਂ ਵੱਲੋਂ ਸਪੇਅਰ |

DISTRICT MAGISTRATE PATHANKOT

| | | | |
|---|---|---|---|
| | | | ਪਾਰਟਸ ਦੀ Home delivery ਹੀ ਕੀਤੀ ਜਾਵੇਗੀ। ਸ਼ਟਰ ਖੋਲ ਕੇ ਕਾਉਂਟਰ ਸੇਲ ਕਰਨ ਦੀ ਇਜਾਜਤ ਨਹੀ ਹੋਵੇਗੀ। ਸਬੰਧਤ ਦੁਕਾਨਦਾਰ ਦਾ ਮੋਬਾਇਲ ਨੰਬਰ ਖੇਤੀਬਾੜੀ ਵਿਭਾਗ, ਵੱਲੋਂ ਪਿੰਡਾਂ ਵਿਚ ਪ੍ਰਚਾਰ ਕੀਤਾ ਜਾਵੇਗਾ। ਇਹਨਾਂ ਦੇ ਪਾਸ ਵੀ ਖੇਤੀਬਾੜੀ ਵਿਭਾਗ ਵਲੋਂ ਜਾਰੀ ਕੀਤੇ ਜਾਣਗੇ। ਕਿਸੇ ਵੀ ਦੁਕਾਨਦਾਰ ਤੋਂ ਇਲਾਵਾ ਕੇਵਲ ਹੋਰ 2 ਪਾਸ ਹੀ( 2 delivery boy ਲਈ)ਕੁਲ 3 ਹੀ ਪਾਸ ਜਾਰੀ ਕੀਤੇ ਜਾਣਗੇ। |
| ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਵਾਲੀਆਂ ਦੁਕਾਨਾਂ | ਦੁਕਾਨਾ ਖੁਲਣ ਦਾ ਸਮਾਂ | ਸਵੇਰੇ 7.00 ਵਜੇ ਤੋਂ ਸਵੇਰੇ 10.00 ਵਜੇ( 3 ਘੰਟੇ) | ਦੁਕਾਨਦਾਰਾਂ ਵੱਲੋਂ ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਦੀ Home delivery ਹੀ ਕੀਤੀ ਜਾਵੇਗੀ। ਸ਼ਟਰ ਖੋਲ ਕੇ ਕਾਉਂਟਰ ਸੇਲ ਕਰਨ ਦੀ ਇਜਾਜਤ ਨਹੀ ਹੋਵੇਗੀ। ਸਬੰਧਤ ਦੁਕਾਨਦਾਰ ਦਾ ਮੋਬਾਇਲ ਨੰਬਰ ਖੇਤੀਬਾੜੀ ਵਿਭਾਗ, ਵੱਲੋਂ ਪਿੰਡਾਂ ਵਿਚ ਪ੍ਰਚਾਰ ਕੀਤਾ ਜਾਵੇਗਾ। ਇਹਨਾਂ ਦੇ ਪਾਸ ਵੀ ਖੇਤੀਬਾੜੀ ਵਿਭਾਗ ਵਲੋਂ ਜਾਰੀ ਕੀਤੇ ਜਾਣਗੇ। ਕਿਸੇ ਵੀ ਦੁਕਾਨਦਾਰ ਤੋਂ ਇਲਾਵਾ ਕੇਵਲ ਹੋਰ 2 ਪਾਸ ਹੀ( 2 delivery boy ਲਈ)ਕੁਲ 3 ਹੀ ਪਾਸ ਜਾਰੀ ਕੀਤੇ ਜਾਣਗੇ। |
| ਤੂੜੀ ਵਾਲੀ ਮਸ਼ੀਨ (ਸਟਰਾ ਰੀਪਰ) ਚਲਾਉਣ ਸਬੰਧੀ | ਤੂੜੀ ਬਨਾਉਣ ਲਈ ਰੀਪਰ ਚਲਾਉਣ ਦੀ ਮਿਤੀ | ਤੂੜੀ ਬਨਾਉਣ ਲਈ ਰੀਪਰ ਚਲਾਉਣ ਦੀ ਪ੍ਰਵਾਨਗੀ ਮਿਤੀ 25.04.2020 ਤੋਂ ਹੋਵੇਗੀ। | ਇਸ ਸਬੰਧੀ ਕਰਫਿਊ ਪਾਸ ਵੀ ਖੇਤੀਬਾੜੀ ਵਿਭਾਗ ਵੱਲੋਂ ਹੀ ਜਾਰੀ ਕੀਤੇ ਜਾਣਗੇ। |

**2. ਨੇਸ਼ਨਲ ਹਾਈਵੇਅ ਤੇ ਟਰੱਕ/ਟੈਂਪੂ ਦੀ ਮੁਰੰਮਤ ਸਬੰਧੀ ਦੁਕਾਨਾਂ**

ਕਿਉਂ ਜੋ ਸਰਕਾਰ ਵੱਲੋਂ Essential service ਤਹਿਤ **ਟਰੱਕ/ਟੈਂਪੂ** ਨੂੰ ਆਉਣ ਜਾਣ ਦੀ ਖੁੱਲ ਦਿਤੀ ਹੈ ਪਰ ਰੋਡ ਤੇ ਇਹਨਾਂ ਮਸ਼ੀਨਰੀਆਂ ਦੇ ਖਰਾਬ ਦੀ ਸੰਭਾਵਨਾ ਤੋਂ ਇੰਨਕਾਰ ਨਹੀ ਕੀਤਾ ਜਾ ਸਕਦਾ। ਇਸ ਲਈ ਇਹਨਾਂ ਦੀ ਮੁਰਮੰਤ ਸਬੰਧੀ ਦੁਕਾਨਾ **ਸਮੇਤ ਹੈਵੀ ਵਹਿਕਲ ਨੂੰ ਪੈਂਚਰ ਲਗਾਉਣ ਦੀਆਂ ਦੁਕਾਨਾਂ** ਜੋ ਕਿ ਨੈਸ਼ਨਲ ਹਾਈਵੇਅ(ਅੰਮ੍ਰਿਤਸਰ/ਮਾਧੋਪੁਰ ਨੈਸ਼ਨਲ ਹਾਈਵੇਅ 54 , ਜਲੰਧਰ/ਜੰਮੂ ਹਾਈਵੇਅ-44 ਅਤੇ ਪਠਾਨਕੋਟ ਕਾਂਗੜਾ ਹਾਈਵੇਅ-154) ਨੂੰ ਖੁਲਣ ਦੀ ਆਗਿਆ ਇਸ ਸ਼ਰਤ ਤੇ ਹੋਵੇਗੀ ਕਿ ਉਹ ਸਵੇਰੇ 6.00 ਵਜੇ ਤੋਂ ਲੈ ਕੇ ਸਵੇਰੇ 8.00 ਵਜੇ ਤੱਕ ਆਪਣੀ ਦੁਕਾਨ ਤੇ ਪੁਹੰਚ ਜਾਣਗੇ ਅਤੇ ਘਰ ਵਾਪਸੀ ਰਾਤ 8.00 ਵਜੇ ਤੋਂ ਰਾਤ 9.00 ਦੇ ਵਿੱਚਕਾਰ ਹੀ ਹੋਵੇਗੀ। ਇਸ ਤੋਂ ਇਲਾਵਾ ਸਮੇ ਦੌਰਾਨ ਇਹਨਾਂ ਦੇ ਇਧਰ ਉਧਰ ਜਾਣ ਦੀ ਸਖਤ ਮਨਾਹੀ ਹੋਵੇਗੀ। ਇਥੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਸ਼ਡਿਊਲ ਰੋਡ/ਲਿੰਕ ਰੋਡ/ਸਟੇਟ ਹਾਈਵੇਅ ਤੇ ਅਜਿਹੀ ਕੋਈ ਦੁਕਾਨ ਖੋਲਣ ਦੀ ਇਜਾਜਤ ਨਹੀ ਹੋਵੇਗੀ।

3. **ਨਰਸਰੀ**

ਕਰਫਿਊ ਦੌਰਾਨ ਨਰਸਰੀ ਖੁੱਲਣ ਨੂੰ ਛੋਟ ਸਿਰਫ ਬੂਟਿਆਂ ਦੀ ਦੇਖ ਭਾਲ ਲਈ ਹੋਵੇਗੀ। ਇਸ ਦੌਰਾਨ ਨਰਸਰੀ ਵਾਲੇ ਬੂਟੇ ਦੀ ਖਰੀਦੋ ਫਰੋਕਤ ਨਹੀ ਕਰ ਸੱਕਣਗੇ ਅਤੇ ਨਾਂ ਹੀ ਇਸ ਨਾਲ ਸਬੰਧਤ ਲੇਬਰ ਨੂੰ ਨਰਸਰੀ ਤੋਂ ਬਾਹਰ ਆਉਣ ਜਾਣ ਦੀ ਇਜਾਜਤ ਹੋਵੇਗੀ। ਡਿਪਟੀ ਡਾਇਰੈਕਟਰ ਬਾਗਬਾਨੀ ਨਰਸਰੀ ਮਾਲਕ ਦਾ ਕੇਵਲ ਇੱਕ ਵਿਅਕਤੀ ਦਾ ਕਰਫਿਊ ਪਾਸ ਆਪਣੀ ਰਿਹਾਇਸ ਤੋਂ ਨਰਸਰੀ ਦੇ ਰੂਟ ਦਾ ਹੀ ਜਾਰੀ ਕਰਨਗੇ। ਜੇਕਰ ਪੁਲਿਸ ਪ੍ਰਸਾਸਨ ਦੇ ਧਿਆਨ ਵਿਚ ਆਉਦਾ ਹੈ ਕਿ ਉਕਤ ਵਿਅਕਤੀ ਇਸ ਕਰਫਿਊ ਦੀ ਆੜ ਵਿਚ ਆਪਣੇ ਰੂਟ ਤੋਂ ਇਲਾਵਾ ਹੋਰ ਕਿਧਰੇ ਆਉਂਦਾ ਜਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ 188 ਤਹਿਤ ਪਰਚਾ ਦਰਜ ਕੀਤਾ ਜਾਵੇਗਾ। ਇਸ ਸਬੰਧੀ ਬਾਗਬਾਨੀ ਅਫਸਰ ਸਬਧਤ ਨੂੰ ਪਹਿਲਾ ਹੀ ਹਦਾਇਤ ਕਰਨਾ ਯਕੀਨੀ ਬਣਾਉਣਗੇ।

4. **ਪ੍ਰਾਈਵੇਟ ਲਾਈਬੋਰਟੀ**

ਕਈ ਮਰੀਜਾਂ ਨੂੰ ਜਾਂ ਬਜੁਰਗਾਂ ਨੂੰ ਆਪਣੇ ਮੈਡੀਕਲ ਚੈਕਅਪ ਅਕਸਰ ਹੀ ਵੱਖ-ਵੱਖ ਤਰ੍ਹਾਂ ਦੇ ਮੈਡੀਕਲ ਟੈਸਟ ਕਰਵਾਉਣੇ ਪੈਂਦੇ ਹਨ। ਇਸ ਲਈ ਇਹਨਾਂ ਪ੍ਰਾਈਵੇਟ ਲਾਈਬੋਰਟੀ ਵਾਲੇ ਨੂੰ ਲਾਈਬੋਰਟੀ ਖੋਲਣ ਦੀ ਢਿੱਲ ਸਵੇਰੇ 6.00 ਵਜੇ ਤੋਂ ਲੈ ਕੇ ਸਵੇਰੇ 8.00 ਵਜੇ ਤੱਕ ਹੋਵੇਗੀ। ਇਥੇ ਸਪੱਸਟ ਕੀਤਾ ਜਾਂਦਾ ਹੈ ਕਿ ਸੈਪਲਿੰਗ ਕੁਲੈਕਸ਼ਨ ਕਾਉਂਟਰ ਤੇ ਬਿਲਕੁਲ ਇਜਾਜਤ ਨਹੀ ਹੋਵਗੀ। ਕੇਵਲ ਆਨਲਾਈਨ ਬੁਕਿੰਗ ਕਰਵਾਉਣ ਤੇ ਸੈਪਲਿੰਗ ਦੀ ਇਜਾਜਤ ਹੋਵੇਗੀ। ਕੇਵਲ ਇਕ ਵਿਅਕਤੀ ਦਾ ਹੀ ਸੈਪਲਿੰਗ ਕੁਲੈਕਸਨ ਵਾਸਤੇ ਆਨਲਾਈਨ ਪਾਸ ਜਾਰੀ ਹੋਵੇਗਾ, ਜਿਹੜੀ ਲਾਈਬੋਰਟੀ ਆਨਲਾਈਨ ਬੁਕਿੰਗ ਫੈਸੀਲਿਟੀ ਉਪਲੱਬਧ ਕਰਵਾਵੇਗੀ।

5. **ਪ੍ਰਾਈਵੇਟ ਸਿਕਿਉਰਟੀ ਸਰਵਿਸ**

ਕਰਫਿਊ ਦੌਰਾਨ ਪ੍ਰਾਈਵੇਟ ਸਿਕਿਉਰਟੀ ਨੂੰ ਢਿੱਲ ਸਵੇਰੇ 6.00 ਵਜੇ ਤੋਂ ਲੈ ਕੇ ਸਵੇਰੇ 9.00 ਵਜੇ ਤੱਕ ਡਿਊਟੀ ਪੁਆਇੰਟ/ਰਿਹਾਇਸ ਤੇ ਆਉਣ ਜਾਣ ਦੀ ਹੋਵੇਗੀ, ਜੋ ਪ੍ਰਾਈਵੇਟ ਸਿਕਿਉਰਟੀ ਦਾ ਆਈ ਕਾਰਡ ਅਤੇ ਵਰਦੀ ਵਿਚ ਹੋਣਗੇ। ਉਕਤ ਸਮੇਂ ਤੋਂ ਇਲਾਵਾ ਜੇਕਰ ਕੋਈ ਪ੍ਰਾਈਵੇਟ ਸਿਕਿਉਰਟੀ ਵਿਅਕਤੀ ਰੋਡ ਤੇ ਆਉਂਦਾ ਜਾਂਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁਧ ਪੁਲਿਸ ਪ੍ਰਸ਼ਾਸਨ ਵੱਲੋਂ 188 ਦਾ ਪਰਚਾ ਦਰਜ ਕੀਤਾ ਜਾਵੇਗਾ।

6. **ਮੱਛੀ/ਜਾਨਵਰਾਂ ਦੀ ਫੀਡ**

ਕਰਫਿਊ ਦੌਰਾਨ ਮੱਛੀ/ਜਾਨਵਰਾਂ ਦੀ ਫੀਡ ਵੇਚਣ ਵਾਲੇ ਨੂੰ ਆਪਣੇ ਘਰ ਤੋਂ ਹੀ ਗ੍ਰਾਹਕਾਂ ਨੂੰ ਹੋਮ ਡਲੀਵਰੀ ਦੇਣ ਦੀ ਢਿੱਲ ਹੋਵੇਗੀ। ਇਸ ਸਬੰਧੀ ਮੱਛੀ ਪਾਲਣ ਅਫਸਰ, ਪਠਾਨਕੋਟ ਫੀਡ ਸਟੋਰ ਵਾਲੇ ਨੂੰ ਹੋਮ ਡਲੀਵਰੀ ਲਈ ਕੇਵਲ 2 ਵਿਅਕਤੀਆਂ ਨੂੰ ਆਨਲਾਈਨ ਪਾਸ ਜਾਰੀ ਕਰਨ ਦੀ ਸ਼ਿਫਾਰਿਸ ਜਿਲ੍ਹਾ ਪ੍ਰਸ਼ਾਸ਼ਨ ਨੂੰ ਕਰ ਸਕਦੇ ਹਨ। ਪਰ ਇਹ ਸਪਲਾਈ ਸਵੇਰੇ 5.00 ਵਜੇ ਤੋਂ ਲੈ ਕੇ ਸਵੇਰੇ 8.00 ਵਜੇ ਤੱਕ ਹੀ ਪ੍ਰਵਾਨਿਤ ਹੋਵੇਗੀ। ਸਵੇਰੇ 8.00 ਵਜੇ ਤੋਂ ਬਾਅਦ ਹੀ ਪਾਸ ਲਾਗੂ ਨਹੀ ਮੰਨਿਆ ਜਾਵੇਗਾ।

7. **ਸੰਸਕਾਰ/ਕਿਰਿਆ**

ਕਿਸੇ ਵੀ ਵਿਅਕਤੀ ਦੀ ਮੌਤ ਹੋ ਜਾਣ ਕਾਰਨ ਉਸਦੇ ਸੰਸਕਾਰ ਸਮੇਂ ਸਮਸ਼ਾਨਘਾਟ ਵਿਚ 20 ਵਿਅਕਤੀ ਇੱਕਠੇ ਹੋ ਸਕਦੇ ਹਨ ਬਸਰਤੇ ਕਿ ਉਹ Social Distancing, Mask ਦਾ ਖਿਆਲ ਰੱਖਣਗੇ। ਇਸ ਮੰਤਵ ਲਈ ਉਹ ਆਨਲਾਈਨ ਪਾਸ ਅਪਲਾਈ ਕਰਕੇ ਜਿਲ੍ਹਾ ਕੰਟਰੋਲ ਰੂਮ ਤੇ ਟੈਲੀਫੋਨ ਰਾਹੀਂ ਇਸ ਸਬੰਧੀ ਸੂਚਿਤ ਕਰਨਗੇ ਕਿ ਪ੍ਰਾਰਥੀ ਵੱਲੋਂ ਕਦੋਂ ਅਤੇ ਕਿਸ ਨਾਮ ਅਤੇ ਮੋਬਾਇਲ ਨੰਬਰ ਰਾਹੀਂ ਈ-ਪਾਸ ਅਪਲਾਈ ਕੀਤਾ ਗਿਆ ਹੈ। ਪ੍ਰਾਰਥੀ ਵੱਲੋਂ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਜੇਕਰ ਉਸ ਵੱਲੋਂ ਗਲਤ ਸੂਚਨਾ ਦੇ ਕੇ ਪਾਸ ਬਣਵਾਇਆ ਜਾਂਦਾ ਹੈ ਅਤੇ ਇਹ ਗੱਲ ਪ੍ਰਮਾਨਤ ਹੋ ਜਾਂਦੀ ਹੈ ਕਿ ਕਿਸੇ ਵਿਅਕਤੀ ਨੇ ਸੰਸਕਾਰ/ਕਿਰਿਆ ਵਿੱਚ ਸਾਮਿਲ ਹੋਣ ਲਈ ਪਾਸ ਬਣਾਇਆ ਪਰ ਅਜਿਹੀ ਕੋਈ ਘਟਨਾ ਨਹੀ ਵਾਪਰੀ ਜਾ ਸਾਮਿਲ ਨਹੀ ਹੋਇਆ ਤਾਂ ਉਸ ਵਿਰੁੱਧ 188 ਅਤੇ 420 ਦਾ ਪਰਚਾ ਦਰਜ ਕੀਤਾ ਜਾਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ ।

ਪਠਾਨਕੋਟ

ਮਿਤੀ : 14/04/2020

ਜਿਲ੍ਹਾ ਮੈਜਿਸਟਰੇਟ,

ਪਠਾਨਕੋਟ ।

ਪਿੱਠ ਅੰਕਣ ਨੰਬਰ: ਡੀ.ਆਰ.ਏ(ਟੀ)/ 853 - 70 ਮਿਤੀ : 14/04/2020

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
2. ਪ੍ਰਮੁੱਖ ਸਕੱਤਰ, ਗਹਿ ਵਿਭਾਗ, ਪੰਜਾਬ, ਚੰਡੀਗੜ੍ਹ ।
3. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ ।
4. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ
5 ਵਧੀਕ ਡਿਪਟੀ ਕਮਿਸ਼ਨਰ (ਜਨਰਲ) / (ਵਿ), ਪਠਾਨਕੋਟ
6. ਵਣ ਮੰਡਲ ਅਫਸਰ, ਪਠਾਨਕੋਟ।
7 ਉਪ ਮੰਡਲ ਮੈਜਿਸਟ੍ਰੇਟ, ਪਠਾਨਕੋਟ / ਧਾਰਕਲਾਂ।
8. ਜਿਲ੍ਹਾ ਮਾਲ ਅਫਸਰ, ਪਠਾਨਕੋਟ।
9. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਪਠਾਨਕੋਟ।
10. ਕਾਰਜ ਸਾਧਕ ਅਫਸਰ, ਨਗਰ ਕੌਂਸਲ।
11. ਡਿਪਟੀ ਡਾਇਰੈਕਟਰ, ਮੱਛੀ ਪਾਲਣ ਵਿਭਾਗ, ਪਠਾਨਕੋਟ।
12. ਡਿਪਟੀ ਡਾਇਰੈਕਟਰ, ਬਾਗਬਾਨੀ, ਪਠਾਨਕੋਟ।
13 ਤਹਿਸੀਲਦਾਰ, ਪਠਾਨਕੋਟ / ਧਾਰਕਲਾਂ।
14 ਸਮੂਹ ਵਿਭਾਗਾਂ ਦੇ ਮੁੱਖੀ ਜਿਲ੍ਹਾ ਪਠਾਨਕੋਟ ।

ਉਪਰੋਕਤ ਆਦੇਸ਼ਾਂ ਦੀ ਪਾਲਣਾ ਲਈ ।

ਜਿਲ੍ਹਾ ਮੈਜਿਸਟਰੇਟ,
ਪਠਾਨਕੋਟ ।

DISTRICT MAGISTRATE ★ PATHANKOT ★